# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**8:30**

**ਮਿਤੀ :10-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਾਗਰਿਕਾਂ ਨੂੰ ਹਰ ਘਰ ਤਿਰੰਗਾ ਮੁਹਿੰਮ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਅਪੀਲ ਕੀਤੀ ਏ |

- ਭਾਰਤ ਨੇ ਗੈਰ-ਜੀਵਾਸ਼੍ਮ ਈਂਧਨ -ਅਧਾਰਤ ਬਿਜਲੀ ਉਤਪਾਦਨ ਸਮਰੱਥਾ ਵਿੱਚ 300 ਗੀਗਾਵਾਟ ਦੇ ਅੰਕੜੇ ਨੂੰ ਪਾਰ ਕਰ ਲਿਆ ਏ ।

- ਭਾਰਤੀ ਤੇ ਅਮਰੀਕੀ ਸਮੁੰਦਰੀ ਫੌਜ ਦਾ ਸਾਂਝਾ ਵਿਸਫੋਟਕ ਆਰਡੀਨੈਂਸ ਡਿਸਪੋਜ਼ਲ - E.O.D. ਅਭਿਆਸ 2026 ਅੱਜ ਤੋਂ ਕੋਚੀ ਦੀ ਦੱਖਣੀ ਜਲ ਸੈਨਾ ਕਮਾਂਡ ਵਿਖੇ ਸ਼ੁਰੂ ਹੋਏਗਾ |
- ਰੂਸ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ 'ਤੇ ਨਿਰਭਰਤਾ ਘਟਾਉਣ ਲਈ ਭਾਰਤ ਤੱਕ ਇੱਕ ਰੇਲ ਮਾਰਗ ਵਿਕਸਤ ਕਰਨ ਦੀ ਤਜਵੀਜ਼ ਰੱਖੀ ਏ |

- ਭਾਰਤੀ ਵੇਟਲਿਫਟਰ ਮਹਾਰਾਜਨ ਅਰੁਮੁਗਾਪਾਂਡਿਅਨ ਨੇ ਤਾਸ਼ਕੰਦ ਵਿੱਚ ਏਸ਼ੀਅਨ ਜੂਨੀਅਰ ਵੇਟਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 65 ਕਿਲੋਗ੍ਰਾਮ ਵਰਗ 'ਚ ਚਾਂਦੀ ਦਾ ਤਮਗਾ ਜਿੱਤਿਆ।

### *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਾਗਰਿਕਾਂ ਨੂੰ ਹਰ ਘਰ ਤਿਰੰਗਾ ਮੁਹਿੰਮ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਇੱਕ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਆਪਣੇ ਸਮੂਹਿਕ ਸੰਕਲਪ ਨੂੰ

ਨਵਿਆਉਣ ਦੀ ਅਪੀਲ ਕੀਤੀ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਤਿਰੰਗਾ ਸਾਡਾ ਮਾਣ ਹੈ ਅਤੇ ਦੇਸ਼ ਲਈ ਆਪਣਾ ਸਰਬੋਤਮ ਯੋਗਦਾਨ ਪਾਉਣ ਲਈ ਪ੍ਰੇਰਨਾ ਦਾ ਇੱਕ ਨਿਰੰਤਰ ਸਰੋਤ ਹੈ। ਪ੍ਰਧਾਨ ਮੰਤਰੀ ਨੇ ਖੁਸ਼ੀ ਪ੍ਰਗਟ ਕੀਤੀ ਕਿ ਇਸ ਸਾਲ ਦੀ ਮੁਹਿੰਮ ਵੰਦੇ ਮਾਤਰਮ ਨੂੰ ਸਮਰਪਿਤ ਏ , ਖਾਸ ਕਰਕੇ ਜਦੋਂ ਅਸੀਂ ਇਸਦੀ 150ਵੀਂ ਵਰ੍ਹੇਗੰਢ ਮਨਾ ਰਹੇ ਹਾਂ। ਸੱਭਿਆਚਾਰ ਮੰਤਰਾਲੇ ਨੇ ਕਿਹਾ ਕਿ ਇਸ ਸਾਲ ਦੀ ਹਰ ਘਰ ਤਿਰੰਗਾ ਮੁਹਿੰਮ ਤਿਰੰਗਾ ਯਾਤਰਾਵਾਂ, ਤਿਰੰਗਾ ਰੈਲੀਆਂ, ਤਿਰੰਗਾ ਸੰਗੀਤ ਸਮਾਰੋਹਾਂ ਅਤੇ ਵੰਦੇ ਮਾਤਰਮ ਦੇ ਸਮੂਹਿਕ ਗਾਇਨ ਰਾਹੀਂ ਦੇਸ਼ ਭਗਤੀ ਦੀ ਭਾਵਨਾ ਨੂੰ ਦੇਸ਼ ਭਰ ਦੀਆਂ ਗਲੀਆਂ ਅਤੇ ਘਰਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕਰੇਗਾ। ਮੰਤਰਾਲੇ ਨੇ ਕਿਹਾ ਕਿ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਨਾਗਰਿਕਾਂ ਨੂੰ ਸੁਤੰਤਰਤਾ ਦਿਵਸ ਦੇ ਜਸ਼ਨਾਂ ਦੇ ਹਿੱਸੇ ਵਜੋਂ ਰਾਸ਼ਟਰੀ ਗੀਤ ਦਾ ਉਤਸਾਹ ਮਨਾਉਣ ਦਾ ਮੌਕਾ ਪ੍ਰਦਾਨ ਕਰੇਗੀ। ਇਸ ਸਾਲ ਦੇ ਜਸ਼ਨਾਂ ਦਾ ਇੱਕ ਮੁੱਖ ਆਕਰਸ਼ਣ "ਸੂਰਿਆਪਥ ਤਿਰੰਗਾ" ਹੋਵੇਗਾ | ਇਸਦਾ ਉਦੇਸ਼ ਦੁਨੀਆ ਭਰ ਵਿੱਚ ਰਹਿੰਦੇ ਪ੍ਰਵਾਸੀ ਭਾਰਤੀਆਂ ਨੂੰ ਤਿਰੰਗੇ ਦੇ ਵਿਸ਼ਵਵਿਆਪੀ ਉਤਸ਼ਾਹ ਵਿੱਚ ਇੱਕਜੁੱਟ ਕਰਨਾ ਹੈ। ਮੰਤਰਾਲੇ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਅਤੇ 'ਹਰ ਘਰ ਤਿਰੰਗਾ' ਵੈੱਬਸਾਈਟ 'ਤੇ ਆਪਣੀਆਂ ਸੈਲਫੀਆਂ ਅਪਲੋਡ ਕਰਨ।

'ਹਰ ਘਰ ਤਿਰੰਗਾ' ਮੁਹਿੰਮ ਆਜ਼ਾਦੀ ਦਿਵਸ ਦੇ ਜਸ਼ਨਾਂ ਨਾਲ ਜੁੜੀ ਇੱਕ ਦੇਸ਼ ਵਿਆਪੀ ਜਨਤਕ ਭਾਗੀਦਾਰੀ ਮੁਹਿੰਮ ਵਜੋਂ ਉਭਰੀ ਹੈ। ਇਹ ਨਾਗਰਿਕਾਂ ਨੂੰ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਦੇਸ਼ ਪ੍ਰਤੀ ਆਪਣੇ ਪਿਆਰ  ਦਾ ਪ੍ਰਗਟਾਵਾ ਕਰਨ ਲਈ ਉਤਸ਼ਾਹਿਤ ਕਰਦੀ ਹੈ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਕੱਲ੍ਹ ਨਵੀਂ ਦਿੱਲੀ ਵਿਖੇ ਆਪਣੇ ਨਿਵਾਸ ਸਥਾਨ 'ਤੇ 2026 ਰਾਸ਼ਟਰਮੰਡਲ ਖੇਡਾਂ ਦੇ ਤਮਗਾ  ਜੇਤੂਆਂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨਾਲ ਗੱਲਬਾਤ ਦੌਰਾਨ, ਤਮਗਾ ਜੇਤੂਆਂ ਨੇ ਖੇਡਾਂ ਨਾਲ ਸਬੰਧਤ ਆਪਣੇ ਅਨੁਭਵ ਸਾਂਝੇ ਕੀਤੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਸਾਰੇ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਕਾਰਗੁਜ਼ਾਰੀ  ਨਾਲ ਦੇਸ਼ ਨੂੰ ਮਾਣ ਦਿਵਾਇਆ ਹੈ ਅਤੇ ਉਨ੍ਹਾਂ ਦੀ ਸਫਲਤਾ ਬਹੁਤ ਸਾਰੇ ਨੌਜਵਾਨਾਂ ਨੂੰ ਪ੍ਰੇਰਿਤ ਕਰੇਗੀ। ਇੱਕ ਵੀਡੀਓ ਸੰਦੇਸ਼ ਸਾਂਝਾ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਜੋ ਖੇਡਣਗੇ , ਉਹ ਅੱਗੇ ਵਧਣਗੇ ਉਨ੍ਹਾਂ ਨਾਗਰਿਕਾਂ ਨੂੰ ਹਮੇਸ਼ਾ ਭਾਰਤ ਦਾ ਉਤਸ਼ਾਹ ਵਧਾਉਣ ਦੀ ਅਪੀਲ ਕੀਤੀ

BYTE

ਭਾਰਤ 23 ਜੁਲਾਈ ਤੋਂ 2 ਅਗਸਤ ਤੱਕ ਸਕਾਟਲੈਂਡ ਦੇ ਗਲਾਸਗੋ ਵਿੱਚ ਹੋਈਆਂ ਖੇਡਾਂ ਵਿੱਚ ਤਮਗਾ  ਸੂਚੀ ਵਿੱਚ ਚੌਥੇ ਸਥਾਨ 'ਤੇ ਰਿਹਾ। ਭਾਰਤੀ ਖਿਡਾਰੀਆਂ  ਨੇ ਵੱਖ-ਵੱਖ ਖੇਡਾਂ ਵਿੱਚ ਕੁੱਲ 39 ਤਗਮੇ ਜਿੱਤੇ, ਜਿਨ੍ਹਾਂ ਵਿੱਚ ਸੋਨੇ ਦੇ 13 , ਚਾਂਦੀ  ਦੇ 17  ਅਤੇ ਕਾਂਸੀ ਦੇ 9  ਸ਼ਾਮਲ ਹਨੇ ।

-------------------------------------------------------

ਅੱਜ ਲੋਕ ਸਭਾ ਵਿੱਚ ਚਾਰ ਬਿੱਲ ਪੇਸ਼ ਕੀਤੇ ਜਾਣ ਲਈ  ਸੂਚੀਬੱਧ ਨੇ | ਇਨ੍ਹਾਂ ਵਿੱਚ ਟ੍ਰਿਬਿਊਨਲ ਸੁਧਾਰ ਬਿੱਲ, 2026, ਖਾਣਾਂ ਅਤੇ ਖਣਿਜ (ਵਿਕਾਸ ਅਤੇ ਨਿਯਮ) ਸੋਧ ਬਿੱਲ, 2026, ਕੇਰਲਾ ਦਾ ਨਾਮ ਬਦਲਣ ਬਾਰੇ  ਬਿੱਲ, 2026, ਅਤੇ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਸ਼ਾਮਲ ਹਨ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਰਾਜ ਸਭਾ ਵਿੱਚ ਵਿਚਾਰ ਅਤੇ ਪਾਸ ਕਰਨ ਲਈ BANKERS BOOK EVIDENCE BILL , 2026 ਪੇਸ਼ ਕਰਨਗੇ। ਇਸ ਬਿੱਲ ਦਾ ਉਦੇਸ਼ ਬੈਂਕਰਾਂ ਦੀ ਬਈ ਖਾਤਿਆਂ ਨਾਲ ਸਬੰਧਤ ਸਬੂਤਾਂ ਨੂੰ ਕਾਨੂੰਨ ਬਣਾਉਣਾ ਅਤੇ ਇਸਨੂੰ ਸਮਕਾਲੀ ਡਿਜੀਟਲ ਬੈਂਕਿੰਗ ਅਭਿਆਸਾਂ ਨਾਲ ਜੋੜਨਾ ਹੈ। ਟੈਕਸੇਸ਼ਨ  ਐਂਡ OTHER LAWS ਸੋਧ ਬਿਲ 2026 ਦੀ  ਵੀ ਸਦਨ ਵਿੱਚ ਵਿਚਾਰ ਅਤੇ ਪਾਸ ਕਰਨ  ਲਈ

ਸੂਚੀਬੱਧ ਹੈ। ਇਹ ਦੋਵੇਂ ਬਿੱਲ ਲੋਕ ਸਭਾ ਵੱਲੋਂ ਪਹਿਲਾਂ ਹੀ ਪਾਸ ਕੀਤੇ ਜਾ ਚੁੱਕੇ ਨੇ।

---------------------------------------------------

ਭਾਰਤ ਨੇ ਗੈਰ-ਜੀਵਾਸ਼੍ਮ ਈਂਧਨ -ਅਧਾਰਤ ਸਥਾਪਿਤ ਬਿਜਲੀ ਉਤਪਾਦਨ ਸਮਰੱਥਾ ਵਿੱਚ 300 ਗੀਗਾਵਾਟ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ। ਪਿਛਲੇ ਮਹੀਨੇ ਦੀ 31 ਤਰੀਕ ਨੂੰ ਪ੍ਰਾਪਤ ਕੀਤਾ ਗਿਆ ਇਹ ਇਤਿਹਾਸਕ ਮੀਲ ਪੱਥਰ 2030 ਲਈ ਨਿਰਧਾਰਤ 500 ਗੀਗਾਵਾਟ ਟੀਚੇ ਦੇ 60 ਫੀਸਦੀ ਤੋਂ ਵੱਧ ਨੂੰ ਦਰਸਾਉਂਦਾ ਹੈ। ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਦੇਸ਼ ਦੀ ਕੁੱਲ ਸਥਾਪਿਤ ਬਿਜਲੀ ਉਤਪਾਦਨ ਸਮਰੱਥਾ ਵਿੱਚ ਗੈਰ-ਜੀਵਾਸ਼੍ਮ ਈਂਧਨ-ਅਧਾਰਤ ਬਿਜਲੀ ਸਮਰੱਥਾ ਦਾ ਹਿੱਸਾ 54 ਫੀਸਦੀ ਤੋਂ ਵੱਧ ਹੋ ਗਿਆ ਹੈ। ਮੰਤਰਾਲੇ ਨੇ ਕਿਹਾ ਕਿ ਸਾਫ਼ ਊਰਜਾ ਉਤਪਾਦਨ ਵਿੱਚ ਵਾਧਾ ਵੱਖ-ਵੱਖ ਖੇਤਰਾਂ ਦੇ ਮਜ਼ਬੂਤ ਯੋਗਦਾਨ ਕਾਰਣ ਹੋਇਆ। ਸੂਰਜੀ ਊਰਜਾ ਮੁੱਖ ਵਿਕਾਸ ਇੰਜਣ ਬਣੀ ਹੋਈ ਹੈ, ਜਿਸਦੀ ਮੌਜੂਦਾ ਸਥਾਪਿਤ ਸਮਰੱਥਾ ਲਗਭਗ 165 ਗੀਗਾਵਾਟ ਹੈ, 2014 ਵਿੱਚ ਇਹ ਸਿਰਫ 2.8 ਗੀਗਾਵਾਟ ਸੀ।

---------------------------------------------------

ਭਾਰਤੀ ਤੇ ਅਮਰੀਕੀ ਸਮੁੰਦਰੀ ਫੌਜ ਦਾ ਸਾਂਝਾ ਵਿਸਫੋਟਕ ਆਰਡੀਨੈਂਸ ਡਿਸਪੋਜ਼ਲ - E.O.D. ਅਭਿਆਸ 2026 ਅੱਜ ਤੋਂ ਕੋਚੀ ਦੇ ਦੱਖਣੀ ਜਲ ਸੈਨਾ ਕਮਾਂਡ ਵਿਖੇ ਸ਼ੁਰੂ ਹੋਏਗਾ |  ਇਹ 14 ਅਗਸਤ ਤੱਕ ਜਾਰੀ ਰਹੇਗਾ। ਰੱਖਿਆ ਮੰਤਰਾਲੇ ਨੇ ਕਿਹਾ ਕਿ ਇਸ ਦੁਵੱਲੇ ਅਭਿਆਸ ਦਾ ਉਦੇਸ਼ ਦੋਵਾਂ  ਸੈਨਾਵਾਂ ਦੀਆਂ  ਈਓਡੀ ਟੀਮਾਂ ਅਤੇ ਮਾਹਰ ਗੋਤਾਖੋਰਾਂ ਵਿਚਕਾਰ ਅੰਤਰ-ਕਾਰਜਸ਼ੀਲਤਾ ਨੂੰ ਵਧਾਉਣਾ ਅਤੇ ਪੇਸ਼ੇਵਰ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ। ਪੰਜ ਦਿਨਾਂ ਅਭਿਆਸ ਵਿੱਚ ਵਿਸ਼ਾ ਵਸਤੂ ਮਾਹਰ ਆਦਾਨ-ਪ੍ਰਦਾਨ, ਦੁਵੱਲੀ ਸਿਖਲਾਈ, ਉਪਕਰਣ ਪ੍ਰਦਰਸ਼ਨ ਅਤੇ ਸਥਿਤੀ-ਅਧਾਰਤ ਵਿਹਾਰਕ ਅਭਿਆਸ ਸ਼ਾਮਲ ਹਨ। ਮੰਤਰਾਲੇ ਨੇ ਕਿਹਾ ਕਿ ਭਾਰਤੀ ਸਮੁੰਦਰੀ ਫੌਜ ਅਤੇ ਅਮਰੀਕੀ ਸਮੁੰਦਰੀ ਫੌਜ 2005 ਤੋਂ ਸੰਯੁਕਤ ਬਚਾਅ ਅਤੇ ਈਓਡੀ ਅਭਿਆਸ ਕਰ ਰਹੇ ਹਨ। ਇਹ ਦੋਵਾਂ ਜਲ ਸੈਨਾਵਾਂ ਵਿਚਕਾਰ ਇਸ ਵਿਲੱਖਣ ਦੁਵੱਲੇ ਸਿਖਲਾਈ ਅਭਿਆਸ ਦਾ ਅੱਠਵਾਂ ਐਡੀਸ਼ਨ ਹੈ।

---------------------------------------------------------

ਰੂਸ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ 'ਤੇ ਨਿਰਭਰਤਾ ਘਟਾਉਣ ਲਈ ਹਿੰਦ ਮਹਾਂਸਾਗਰ ਅਤੇ ਭਾਰਤ ਲਈ ਇੱਕ ਰੇਲ ਮਾਰਗ ਵਿਕਸਤ ਕਰਨ ਦੀ ਤਜਵੀਜ਼ ਰਹੀ ਏ |  ਰੂਸ ਦੇ ਉਪ ਪ੍ਰਧਾਨ ਮੰਤਰੀ ਮਰਾਤ ਖੁਸਨੁਲਿਨ ਨੇ ਕਿਹਾ ਕਿ ਬਦਲੇ  ਰਸਤੇ ਦੋ

ਰਣਨੀਤਕ ਜਲ ਮਾਰਗਾਂ ਨਾਲ ਜੁੜੇ ਜੋਖਮਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ| ਰੂਸ ਦੀ ਸਰਕਾਰੀ ਖ਼ਬਰ ਏਜੰਸੀ ਦੇ ਅਨੁਸਾਰ, ਸ਼੍ਰੀ ਖੁਸਨੁਲਿਨ ਨੇ ਕਿਹਾ ਕਿ ਤੁਰਕਮੇਨਿਸਤਾਨ, ਈਰਾਨ ਅਤੇ ਅਫਗਾਨਿਸਤਾਨ ਰਾਹੀਂ ਭਾਰਤ ਤੱਕ ਰੇਲ ਮਾਰਗਾਂ ਦੀ ਸੰਭਾਵਨਾਂ ਦਾ ਪਤਾ ਲਾਇਆ ਜਾ ਸਕਦਾ |

---------------------------------------------------------------

ਸਰਕਾਰ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਡਾਇਰੈਕਟਰ ਰਾਹੁਲ ਨਵੀਨ ਦਾ ਕਾਰਜਕਾਲ ਇੱਕ ਸਾਲ ਲਈ ਵਧਾ ਦਿੱਤਾ ਹੈ। ਇਹ ਕਾਰਜਕਾਲ ਇਸ ਮਹੀਨੇ ਦੀ 13 ਤਰੀਕ ਤੋਂ ਸ਼ੁਰੂ ਹੋਵੇਗਾ ਅਤੇ ਅਗਲੇ ਸਾਲ 13 ਅਗਸਤ ਤੱਕ ਜਾਰੀ ਰਹੇਗਾ। ਇਹ ਵਾਧਾ 31 ਜੁਲਾਈ, 2027 ਨੂੰ ਉਨ੍ਹਾਂ ਦੀ ਨਿਰਧਾਰਤ ਸੇਵਾਮੁਕਤੀ ਤੋਂ ਬਾਅਦ ਵੀ ਜਾਰੀ ਰਹੇਗਾ। ਮੰਤਰੀ ਮੰਡਲ ਦੀ ਨਿਯੁਕਤੀਆਂ ਬਾਰੇ ਕਮੇਟੀ ਨੇ ਰਾਹੁਲ ਨਵੀਨ ਦੇ ਕਾਰਜਕਾਲ ਨੂੰ ਵਧਾਉਣ ਨੂੰ ਮਨਜ਼ੂਰੀ ਦਿੱਤੀ।

---------------------------------------------------------------

JPSC-JSSC ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਵਿਦਿਆਰਥੀਆਂ ਅਤੇ ਝਾਰਖੰਡ ਸਰਕਾਰ ਵਿਚਕਾਰ ਤਿੰਨ ਗੇੜ ਦੀ ਗੱਲਬਾਤ ਦੇ ਬਾਵਜੂਦ, ਅੜਿੱਕਾ ਜਾਰੀ ਹੈ। ਵਿਦਿਆਰਥੀਆਂ ਨੇ ਸਰਕਾਰ ਦੀਆਂ ਤਜਵੀਜ਼ਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਹੈ

ਅਤੇ ਅੱਜ ਵਿਧਾਨ ਸਭਾ ਦਾ ਘਿਰਾਓ ਕਰਨ ਦੀ ਆਪਣੀ ਯੋਜਨਾ 'ਤੇ ਅੜੇ ਹੋਏ ਨੇ ਝਾਰਖੰਡ ਪੁਲਿਸ ਨੇ ਵਿਧਾਨ ਸਭਾ ਕੰਪਲੈਕਸ ਦੇ ਆਲੇ-ਦੁਆਲੇ ਮਨਾਹੀ ਦੇ ਹੁਕਮ ਲਾਗੂ ਕਰਦਿਆਂ ਰਾਂਚੀ ਵਿੱਚ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਹਨ। ਇਹ ਕਦਮ ਅੱਜ ਵਿਦਿਆਰਥੀਆਂ ਵੱਲੋਂ ਤਜਵੀਜ਼ਸ਼ੁਦਾ "ਵਿਧਾਨ ਸਭਾ ਮਾਰਚ" ਦੇ ਮੱਦੇਨਜ਼ਰ ਚੁੱਕਿਆ ਗਿਆ ਹੈ ਜੋ ਰਾਜ ਵਿੱਚ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਵਿਰੁੱਧ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਵਧੀਕ ਪੁਲਿਸ ਡਾਇਰੈਕਟਰ ਜਨਰਲ (ਹੈੱਡਕੁਆਰਟਰ) ਮਨੋਜ ਕੌਸ਼ਿਕ ਨੇ ਕਿਹਾ ਕਿ ਰਾਜ ਵਿਧਾਨ ਸਭਾ 'ਚ ਤਜਵੀਜ਼ਸ਼ੁਦਾ ਧਰਨਾ ਪ੍ਰਦਰਸ਼ਨ ਦੇ ਮੱਦੇਨਜ਼ਰ ਸਾਰੇ ਜ਼ਰੂਰੀ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ਾਂਤੀਪੂਰਨ ਅਤੇ ਅਨੁਸ਼ਾਸਿਤ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ, ਪ੍ਰਦਰਸ਼ਨਕਾਰੀਆਂ ਦਾ ਇਲਜ਼ਾਮ ਹੈ ਕਿ ਝਾਰਖੰਡ ਦੇ ਵੱਖ-ਵੱਖ ਹਿੱਸਿਆਂ ਤੋਂ ਰਾਜ ਦੀ ਰਾਜਧਾਨੀ ਆਉਣ ਵਾਲੇ ਸੈਂਕੜੇ ਵਿਦਿਆਰਥੀਆਂ ਨੂੰ ਪੁਲਿਸ ਜ਼ਬਰਦਸਤੀ ਰੋਕ ਰਹੀ ਹੈ। ਵਿਦਿਆਰਥੀ ਵਿਰੋਧ ਪ੍ਰਦਰਸ਼ਨ ਅੱਜ ਆਪਣੇ 17ਵੇਂ ਦਿਨ ਵਿੱਚ ਦਾਖਲ ਹੋ ਗਿਆ , ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਦੇ ਵਿਰੋਧ ਵਿੱਚ 6 ਵਿਦਿਆਰਥੀ ਭੁੱਖ ਹੜਤਾਲ ਤੇ ਨੇ |

---------------------------------------------------------

ਰਾਂਚੀ 'ਚ ਵਿਦਿਆਰਥੀਆਂ ਦੇ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ, ਝਾਰਖੰਡ ਪਬਲਿਕ ਸਰਵਿਸ ਕਮਿਸ਼ਨ (JPSC) ਦੇ ਤਿੰਨ ਸੇਵਾਮੁਕਤ ਮੈਂਬਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ।

---------------------------------------------------------------

ਭਾਰਤੀ ਵੇਟਲਿਫਟਰ ਮਹਾਰਾਜਨ ਅਰੁਮੁਗਾਪਾਂਡਿਅਨ ਨੇ ਉਜ਼ਬੇਕਿਸਤਾਨ ਦੇ ਤਾਸ਼ਕੰਦ ਵਿੱਚ ਏਸ਼ੀਅਨ ਜੂਨੀਅਰ ਵੇਟਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 65 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਮਹਾਰਾਜਨ ਨੇ ਸਨੈਚ ਵਿੱਚ 128 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 157 ਕਿਲੋਗ੍ਰਾਮ ਭਾਰ ਨਾਲ ਕੁੱਲ 285 ਕਿਲੋਗ੍ਰਾਮ ਭਾਰ ਚੁਕਿਆ । ਵੀਅਤਨਾਮ ਦੇ ਹੁਆਂਗ ਥੈਚ ਨੇ 291 ਕਿਲੋਗ੍ਰਾਮ ਭਾਰ ਚੁੱਕ ਕੇ ਸੋਨੇ ਦਾ ਤਮਗਾ ਜਿੱਤਿਆ।

---------------------------------------------------------------

ਮੌਸਮ ਵਿਭਾਗ ਨੇ ਅੱਜ ਪੂਰਬੀ ਰਾਜਸਥਾਨ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਪੱਛਮੀ ਮੱਧ ਪ੍ਰਦੇਸ਼ ਵਿੱਚ ਬਹੁਤ ਭਾਰੀ ਮੀਂਹ ਲਈ ORANGE ਅਲਰਟ ਜਾਰੀ ਕੀਤੀ ਹੈ। ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ, ਉੱਤਰ ਪ੍ਰਦੇਸ਼, ਬਿਹਾਰ, ਵਿਦਰਭ ਅਤੇ ਉੱਤਰ-ਪੂਰਬੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਵੀ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ, ਮੌਸਮ ਵਿਭਾਗ ਨੇ ਅੱਜ ਦੁਪਹਿਰ ਦਿੱਲੀ ਵਿੱਚ ਵੱਖ-ਵੱਖ ਥਾਵਾਂ 'ਤੇ ਦਰਮਿਆਨੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ।

---------------------------------------------------------------

- ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਨਾਗਰਿਕਾਂ ਨੂੰ ਹਰ ਘਰ ਤਿਰੰਗਾ ਮੁਹਿੰਮ  ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ  ਅਪੀਲ ਕੀਤੀ ਏ |

- ਭਾਰਤ ਨੇ ਗੈਰ-ਜੀਵਾਸ਼੍ਮ ਈਂਧਨ -ਅਧਾਰਤ  ਬਿਜਲੀ ਉਤਪਾਦਨ ਸਮਰੱਥਾ ਵਿੱਚ 300 ਗੀਗਾਵਾਟ ਦੇ ਅੰਕੜੇ ਨੂੰ ਪਾਰ ਕਰ ਲਿਆ ਏ।

- ਭਾਰਤੀ ਤੇ ਅਮਰੀਕੀ ਸਮੁੰਦਰੀ ਫ਼ੌਜ ਦਾ ਸਾਂਝਾ ਵਿਸਫੋਟਕ ਆਰਡੀਨੈਂਸ ਡਿਸਪੋਜ਼ਲ - E.O.D. ਅਭਿਆਸ 2026 ਅੱਜ ਤੋਂ ਕੋਚੀ ਦੀ ਦੱਖਣੀ ਜਲ ਸੈਨਾ ਕਮਾਂਡ ਵਿਖੇ ਸ਼ੁਰੂ ਹੋਏਗਾ |

- ਰੂਸ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ 'ਤੇ ਨਿਰਭਰਤਾ ਘਟਾਉਣ ਲਈ ਭਾਰਤ ਤੱਕ ਇੱਕ ਰੇਲ ਮਾਰਗ ਵਿਕਸਤ ਕਰਨ ਦੀ ਤਜਵੀਜ਼ ਰੱਖੀ ਏ |

- ਭਾਰਤੀ ਵੇਟਲਿਫਟਰ ਮਹਾਰਾਜਨ ਅਰੁਮੁਗਾਪਾਂਡਿਅਨ ਨੇ ਤਾਸ਼ਕੰਦ ਵਿੱਚ ਏਸ਼ੀਅਨ ਜੂਨੀਅਰ ਵੇਟਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 65 ਕਿਲੋਗ੍ਰਾਮ ਵਰਗ 'ਚ ਚਾਂਦੀ ਦਾ ਤਮਗਾ ਜਿੱਤਿਆ।

---

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 1 ਵੱਜਕੇ 10 ਮਿੰਟ 'ਤੇ ਨਮਸਕਾਰ !**